ੴ ਸਤਿਗੁਰ ਪ੍ਰਸਾਦਿ ।।

# ਦਸਮ ਪਿਤਾ ਜੀ ਵਲੋਂ ਨੰਦੇੜ ਵਿਖੇ ਕੀਤੇ 52 ਹੁਕਮ

1. ਕਿਰਤ ਧਰਮ ਦੀ ਕਰਨੀ ।
2. ਦਸਵੰਧ ਦੇਣਾ ।
3. ਗੁਰਬਾਣੀ ਕੰਠ ਕਰਨੀ ।
4. ਅੰਮ੍ਰਿਤ ਵੇਲੇ ਜਾਗਣਾ ।
5. ਪਿਆਰ ਨਾਲ ਗੁਰਸਿੱਖਾਂ ਦੀ ਸੇਵਾ ਕਰਨੀ ।
6. ਗੁਰਸਿੱਖਾਂ ਪਾਸੋਂ ਗੁਰਬਾਣੀ ਦੇ ਅਰਥ ਸਮਝਣੇ ।
7. ਪੰਜ ਕਕਾਰਾਂ ਦੀ ਰਹਿਤ ਦ੍ਰਿੜ੍ਹ ਰੱਖਣੀ ।
8. ਸ਼ਬਦ ਦਾ ਅਭਿਆਸ ਕਰਨਾ ।
9. ਧਿਆਨ ਸਤਿ-ਸਰੂਪ ਸਤਿਗੁਰੂ ਦਾ ਕਰਨਾ ।
10. ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਣਾ ।
11. ਸਭ ਕਾਰਜਾਂ ਦੇ ਆਰੰਭ ਵੇਲੇ ਅਰਦਾਸ ਕਰਨੀ ।
12. ਜੰਮਣ, ਮਰਨ, ਵਿਆਹ, ਆਨੰਦ ਆਦਿ ਸਮੇ ਜਪੁ ਦਾ ਪਾਠ ਕਰ ਕੇ, ਕੜਾਹ ਪ੍ਰਸਾਦਿ ਤਿਆਰ ਕਰਕੇ, ਅਨੰਦੁ ਸਾਹਿਬ ਦਾ ਪਾਠ, ਅਰਦਾਸ ਕਰਕੇ, ਪੰਜਾਂ ਪਿਆਰਿਆਂ ਅਤੇ ਹਜ਼ੂਰੀ ਗ੍ਰੰਥੀ ਸਿੰਘਾਂ ਦਾ ਵਰਤਾਰਾ ਵਰਤਾ ਕੇ ਉਪਰੰਤ ਸੰਗਤਾਂ ਨੂੰ ਵਰਤਾ ਦੇਣਾ ।
13. ਜਦ ਤੱਕ ਕੜਾਹ ਪ੍ਰਸਾਦਿ ਵਰਤਦਾ ਰਹੇ, ਸਾਰੀ ਸੰਗਤ ਅਡੋਲ ਬੈਠੀ ਰਹੇ ।
14. ਵਿਆਹ ਅਨੰਦੁ ਬਿਨਾਂ ਗ੍ਰਿਹਸਤ ਨਹੀਂ ਕਰਨਾ ।
15. ਪਰ-ਇਸਤਰੀ ਮਾਂ, ਭੈਣ, ਧੀ ਕਰ ਜਾਣਨੀ ।
16. ਇਸਤਰੀ ਦਾ ਮੂੰਹ ਨਹੀਂ ਫਿਟਕਾਰਨਾ ।
17. ਜਗਤ, ਝੂਠ, ਤਮਾਕੂ, ਬਿਖਿਆ ਦਾ ਤਿਆਗ ਕਰਨਾ ।
18. ਰਹਿਤਵਾਨ ਤੇ ਨਾਮ ਜਪਣ ਵਾਲਿਆਂ ਗੁਰਸਿੱਖਾਂ ਦੀ ਸੰਗਤ ਕਰਨੀ ।
19. ਜਿਤਨੇ ਕੰਮ ਆਪਣੇ ਕਰਨ ਦੇ ਹੋਣ, ਉਨ੍ਹਾਂ ਦੇ ਕਰਨ ਵਿਚ ਆਲਸ ਨਹੀਂ ਕਰਨਾ ।
20. ਗੁਰਬਾਣੀ ਦਾ ਕੀਰਤਨ ਤੇ ਕਥਾ ਰੋਜ਼ ਸੁਣਨਾ ਤੇ ਕਰਨਾ ।
21. ਕਿਸੇ ਦੀ ਨਿੰਦਾ, ਚੁਗਲੀ ਤੇ ਈਰਖਾ ਨਹੀਂ ਕਰਨੀ ।
22. ਧਨ, ਜੁਆਨੀ, ਕੁਲ ਜਾਤ ਦਾ ਮਾਣ ਨਹੀਂ ਕਰਨਾ ।
23. ਮੱਤ ਉੱਚੀ ਤੇ ਸੁੱਚੀ ਰੱਖਣੀ ।
24. ਸ਼ੁਭ ਕਰਮ ਕਰਦੇ ਰਹਿਣਾ ।
25. ਬੁੱਧ ਬਲ ਦਾ ਦਾਤਾ ਵਾਹਿਗੁਰੂ ਨੂੰ ਜਾਣਨਾ ।
26. ਕਸਮ ਸਹੁੰ ਚੁੱਕਣ ਵਾਲੇ ਤੇ ਇਤਬਾਰ ਨਹੀਂ ਕਰਨਾ ।
27. ਸੁਤੰਤਰ ਵਿਚਰਨਾ ।
28. ਰਾਜਨੀਤੀ ਵੀ ਪੜ੍ਹਨੀ ।
29. ਸ਼ਤਰੂ ਨਾਲ ਸਾਮ, ਦਾਮ, ਭੇਦ ਆਦਿਕ ਉਪਾਓ । ਵਰਤਣੇ, ਉਪਰੰਤ ਯੁੱਧ ਕਰਨਾ ਧਰਮ ਹੈ ।
30. ਸ਼ਸਤਰ ਵਿੱਦਿਆ ਤੇ ਘੋੜ ਸਵਾਰੀ ਦਾ ਅਭਿਆਸ ਕਰਨਾ ।
31. ਦੂਸਰੇ ਮੱਤਾਂ ਦੀਆਂ ਪੁਸਤਕਾਂ ਵਿਦਿਆ ਪੜ੍ਹਨੀ, ਪਰ ਭਰੋਸਾ ਦ੍ਰਿੜ ਗੁਰਬਾਣੀ, ਅਕਾਲ ਪੁਰਖ ਉਤੇ ਹੀ ਰੱਖਣਾ ।
32. ਗੁਰੂ ਉਪਦੇਸ਼ ਧਾਰਨ ਕਰਨੇ ।
33. ਰਹਿਰਾਸ ਸਾਹਿਬ ਦਾ ਪਾਠ ਕਰ ਕੇ ਖੜੋ ਹੋਕੇ ਅਰਦਾਸ ਕਰਨੀ ।
34. ਸੌਣ ਸਮੇਂ ਕੀਰਤਨ ਸੋਹਿਲੇ ਦਾ ਪਾਠ ਕਰਨਾ ।
35. ਕੇਸ ਨੰਗੇ ਨਹੀਂ ਰੱਖਣੇ ।
36. ਸਿੰਘਾਂ ਦਾ ਪੂਰਾ ਨਾਮ ਲੈ ਕੇ ਬੁਲਾਉਣਾ, ਅੱਧਾ ਨਹੀਂ ।
37. ਸ਼ਰਾਬ ਨਹੀਂ ਸੇਵਨੀ ।
38. ਭਾਦਨੀ (ਸਿਰ ਮੁੰਨੇ) ਨੂੰ ਕੰਨਯਾ ਨਹੀਂ ਦੇਵਣੀ । ਉਸ ਘਰ ਦੇਵਣੀ ਜਿਥੇ ਅਕਾਲ ਪੁਰਖ ਦੀ ਸਿੱਖੀ ਹੋਵੇ ।
39. ਸਭ ਕਾਰਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਤੇ ਗੁਰਬਾਣੀ ਅਨੁਸਾਰ ਕਰਨੇ ਹਨ ਜੀ ।
40. ਕੌੜਾ ਬਚਨ ਕਰ ਕੇ ਕਿਸੇ ਦਾ ਹਿਰਦਾ ਨਹੀਂ ਦੁਖਾਉਣਾ ।
41. ਚੁਗਲੀ ਕਰ ਕੇ ਕਿਸੇ ਦਾ ਕੰਮ ਨਹੀਂ ਵਿਗਾੜਨਾ ।
42. ਦਰਸ਼ਨ ਯਾਤਰਾ ਗੁਰਦੁਆਰਿਆਂ ਦੀ ਹੀ ਕਰਨੀ ।
43. ਬਚਨ ਕਰ ਕੇ ਪਾਲਣਾ ।
44. ਅਤਿਥੀ, ਪਰਦੇਸੀ, ਲੋੜਵੰਦ, ਦੁਖੀ, ਅਪੰਗ ਮਨੁੱਖ ਦੀ ਯਥਾਸ਼ਕਤ ਸੇਵਾ ਕਰਨੀ ।
45. ਧੀ ਦੀ ਕਮਾਈ, ਧਨ ਬਿਖ ਕਰ ਜਾਣਨਾ ।
46. ਦਿਖਾਵੇ ਦੇ ਸਿੱਖ ਨਹੀਂ ਬਣਨਾ
47. ਸਿੱਖੀ ਕੇਸਾਂ ਸੁਆਸਾਂ ਸੰਗ ਨਿਬਾਹੁਣੀ । ਕੇਸਾਂ ਨੂੰ ਗੁਰ ਸਮਾਨ ਜਾਣ ਅਦਬ ਕਰਨਾ ।
48. ਚੋਰੀ, ਯਾਰੀ, ਠੱਗੀ, ਧੋਖਾ, ਦਗਾ ਨਹੀਂ ਕਰਨਾ ।
49. ਗੁਰਸਿੱਖ ਦਾ ਇਤਬਾਰ ਕਰਨਾ ।
50. ਝੂਠੀ ਗਵਾਹੀ ਨਹੀਂ ਦੇਣੀ ।
51. ਝੂਠ ਨਹੀਂ ਕਹਿਣਾ/ਬੋਲਣਾ ।
52. ਲੰਗਰ ਪ੍ਰਸਾਦਿ ਇੱਕ ਰਸ ਵਰਤਾਉਣਾ ।

ਪੇਸ਼ਕਸ਼:
ਭਵਨਦੀਪ ਸਿੰਘ ਪੁਰਬਾ
ਮੁੱਖ ਸੰਪਾਦਕ "ਮਹਿਕ ਵਤਨ ਦੀ"

## ਧਰਤੀ ਦੀ ਸਭ ਤੋਂ ਮਹਿੰਗੀ ਜਗ੍ਹਾ




ਗੁਰਦਵਾਰਾ ਜੋਤੀ ਸਰੂਪ ਸਾਹਿਬ

ਵਿਸਵ ਦੀ ਸਭ ਤੋਂ ਮਹਿੰਗੀ ਥਾਂ ਸਰਹਿੰਦ (ਫਤਿਹਗੜ੍ਹ ਸਾਹਿਬ) ਵਿਖੇ ਹੈ, ਜਿੱਥੇ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ ਦਾ ਅੰਤਿਮ ਸੰਸਕਾਰ ਹੋਇਆ ਸੀ। ਦੀਵਾਨ ਟੋਡਰ ਮੱਲ ਨੇ ਇਹ ਥਾਂ 78000 ਸੋਨੇ ਦੇ ਸਿੱਕੇ ਜਮੀਨ ਤੇ ਵਿਛਾ ਕੇ ਖਰੀਦੀ ਸੀ। ਦਸਦੇ ਹਨ ਕਿ ਸੋਨੇ ਦੀ ਕੀਮਤ ਮੁਤਾਬਿਕ ਇਸ 4 ਸਕੇਅਰ ਮੀਟਰ ਧਰਤੀ ਦੀ ਕੀਮਤ 2500000000 (ਦੋ ਅਰਬ ਪੰਜਾਹ ਕਰੋੜ) ਬਣਦੀ ਹੈ। ਦੁਨੀਆਂ ਦੀ ਸਭ ਤੋਂ ਮਹਿੰਗੀ ਜਗ੍ਹਾ ਖਰੀਦਣ ਦਾ ਰਿਕਾਰਡ ਸਿੱਖ ਧਰਮ ਦੇ ਇਤੀਹਾਸ ਵਿੱਚ ਦਰਜ ਹੈ। ਕਿਉਂਕਿ ਅੱਜ ਤੱਕ ਐਨੀ ਜਿਆਦਾ ਕੀਮਤ ਤੇ ਐਨੀ ਘੱਟ ਜਗ੍ਹਾ ਕਿਸੇ ਨੇ ਵੀ ਨਹੀ ਖਰੀਦੀ ।

ਪਰ ਹੁਣ ਇਹ ਥਾਂ ਜਹਾਨ ਦੀ ਸਾਰੀ ਦੌਲਤ ਰੱਖ ਵੀ ਕੋਈ ਖਰੀਦਣਾ ਚਾਹੇ ਤਾਂ ਸਾਡੇ ਕੋਲੋ ਖਰੀਦ ਨਹੀ ਸਕਦਾ । ਸਾਰਾ ਜਹਾਨ ਵੀ ਇਸਦੇ ਬਦਲੇ ਦਿੱਤਾ ਜਾਵੇ ਤਾਂ ਫਿਰ ਵੀ ਇਹ ਥਾਂ ਮਹਿੰਗੀ ਹੀ ਰਹੇਗੀ । ਇਹ ਥਾਂ ਵਡਮੁਲੀ ਹੀ ਨਹੀ ਅਜ ਅਮੋਲਕ ਹੋ ਚੁੱਕੀ ਹੈ ।

ਭਾਈ ਹਰਚਰਨ ਸਿੰਘ ਖਾਲਸਾ (ਹਜ਼ੂਰੀ ਰਾਗੀ)




www.mehakwatandilive.com

ਧਾਰਮਿਕ ਪ੍ਰੋਗਰਾਮ, ਖੇਡ ਮੇਲੇ ਅਤੇ ਸਾਹਿਤਕ ਸਮਾਗਮਾ ਦਾ "ਮਹਿਕ ਵਤਨ ਦੀ ਲਾਈਵ" ਵੈਬ ਟੀ.ਵੀ. ਤੇ ਲਾਈਵ ਟੈਲੀਕਾਸਟ ਕਰਵਾਉਣ ਲਈ ਸੰਪਰਕ ਕਰੋ:




Help Line: 9988 92 9988

## ਸੰਤ ਬਾਬਾ ਨੰਦ ਸਿੰਘ ਜੀ ਲੋਹਾਰੇ ਵਾਲਿਆ ਦੀ ਸਲਾਨਾ ਬਰਸ਼ੀ ਦੇ ਸਰਧਾ ਤੇ ਸਤਿਕਾਰ ਨਾਲ ਮਨਾਈ ਗਈ



ਮੋਗਾ /ਮਨਮੋਹਨ ਸਿੰਘ ਚੀਮਾ

ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛੱਤਰ ਛਾਈਆ ਹੇਠ ਸੰਤ ਬਾਬਾ ਨੰਦ ਸਿੰਘ ਜੀ ਲੋਹਾਰੇ ਵਾਲਿਆ ਦੀ ਸਲਾਨਾ ਬਰਸੀ ਗੁਰਦੁਆਰਾ ਅਨੰਦ ਪ੍ਰਕਾਸ਼ ਲੋਹਾਰਾ ਵਿਖੇ ਸੰਤ ਬਾਬਾ ਜਸਵੀਰ ਸਿੰਘ ਜੀ ਦੀ ਸ੍ਰਪਰਸਤੀ ਵਿੱਚ ਮਨਾਈ ਗਈ।

ਸੰਤ ਬਾਬਾ ਨੰਦ ਸਿੰਘ ਜੀ ਲੋਹਾਰੇ ਵਾਲਿਆ ਦੀ ਸਲਾਨਾ ਬਰਸ਼ੀ ਦੇ ਸਬੰਧ ਵਿੱਚ ਰੱਖੇ ਗਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ *10* ਅਪ੍ਰੈਲ ਦਿਨ ਐਤਵਾਰ ਨੂੰ ਸੰਤ ਬਾਬਾ ਨੰਦ ਸਿੰਘ ਜੀ ਲੋਹਾਰੇ ਵਾਲਿਆ ਦੇ ਤਪ ਅਸਥਾਨ ਅਤੇ ਅੰਗੀਠਾ ਸਾਹਿਬ ਗੁਰਦੁਆਰਾ ਅਨੰਦ ਪ੍ਰਕਾਸ਼ ਲੋਹਾਰਾ ਵਿਖੇ ਪਾਏ ਗਏ। ਬਰਸ਼ੀ ਦੇ ਸਬੰਧ ਵਿੱਚ ਬੱਧਣੀ ਕਲਾ ਵਾਲੇ ਬਾਬਾ ਜੀ ਦੇ ਧਾਰਮਿਕ ਦੀਵਾਨ ਦੋ ਦਿਨ ਸਾਮ ੬ ਵਜੇ ਤੋ ਰਾਤ *10* ਵਜੇ ਤੱਕ ਸਜੇ।

*10* ਅਪ੍ਰੈਲ ਨੂੰ ਸਵੇਰੇ ਬਰਸੀ ਦੇ ਭੋਗ ਉਪਰੰਤ ਵੀ ਧਾਰਮਿਕ ਦੀਵਾਨ ਸਜੇ ਜਿਸ ਵਿੱਚ ਪੰਥ ਦੀਆਂ ਮਹਾਨ ਸ਼ਖਸੀਅਤਾ ਅਤੇ ਮਹਾਪੁਰਖ ਸੰਗਤਾ ਨੂੰ ਆਪਣੇ ਪ੍ਰਵਚਨਾ ਰਾਹੀ ਗੁਰੂ ਘਰ ਨਾਲ ਜੋੜਿਆ। ਇਨਾਂ ਸਮਾਗਮਾ ਵਿੱਚ ਸੰਤ ਬਾਬਾ ਗੁਰਦੀਪ ਸਿੰਘ ਜੀ ਚੰਦਪੁਰਾਣਾ, ਸੰਤ ਬਾਬਾ ਪਵਨਦੀਪ ਸਿੰਘ ਜੀ ਕੜਿਆਲ, ਸੰਤ ਬਾਬਾ ਰਾਮ ਸਿੰਘ ਜੀ ਲੋਹਗੜ ਤੋਂ ਇਲਾਵਾ ਹੋਰ ਕਈ ਰਾਗੀ ਢਾਡੀ ਅਤੇ ਮਹਾਪੁਰਖਾ ਨੇ ਮੁੱਖ ਤੌਰ ਤੇ ਹਾਜਰ ਹੋ ਕੇ ਸੰਗਤਾ ਨੂੰ ਨਿਹਾਲ ਕੀਤਾ। ਇਸ ਸਾਰੇ ਸਮਾਗਮ ਦਾ 'ਮਹਿਕ ਵਤਨ ਦੀ ਲਾਈਵ' ਵੈਬ ਚੈਨਲ ਤੇ ਸਿੱਧਾ ਪ੍ਰਸ਼ਾਰਨ ਕੀਤਾ ਗਿਆ।

ਇਸ ਮੌਕੇ ਹੋਰਨਾ ਤੋਂ ਇਲਾਵਾ ਸ. ਗੁਰਮੇਲ ਸਿੰਘ ਪੁਰਬਾ, ਸਾਬਕਾ ਪ੍ਰਧਾਨ ਚਮਕੌਰ ਸਿੰਘ ਸੰਘਾ, ਸਰਪੰਚ ਕੇਵਲ ਸਿੰਘ ਕੇਨੈਡਾ, ਨੰਬਰਦਾਰ ਦੇਵ ਸਿੰਘ, ਸਾਧੂ ਸਿੰਘ, ਕਮਲਜੀਤ ਸਿੰਘ ਪੁਰਬਾ, ਬਲਸ਼ਰਨ ਸਿੰਘ ਮੋਗਾ, ਬਲਜੀਤ ਸਿੰਘ ਜੌਹਲ ਧੱਲੇਕੇ, ਬਖਤੌਰ ਸਿੰਘ ਗਿੱਲ, ਅਮਰੀਕ ਸਿੰਘ ਰਿਕੂ, ਬਲਦੇਵ ਸਿੰਘ ਆਜਾਦ, ਗੁਰਮੀਤ ਸਿੰਘ ਸਿਰਸਾ, ਇੰਜ. ਸਿਮਰਜੀਤ ਸਿੰਘ ਲਾਹੌਰੀਆਂ, ਗੁਰਮੁੱਖ ਸਿੰਘ ਕੋਟ-ਈਸੇ-ਖਾ, ਕਰਨ ਬੁੱਟਰ, ਹਰਦੀਪ ਸਿੰਘ ਬੇਦੀ, ਸ. ਜਸਵੰਤ ਸਿੰਘ ਲੋਹਾਰਾ, ਬੇਅੰਤ ਸਿੰਘ ਜੌਹਲ, ਦਵਿੰਦਰ ਸਿੰਘ ਬੁੱਟਰ, ਲਖਵਿੰਦਰ ਸਿੰਘ ਲੱਖਾ, ਜੀਤ ਸਿੰਘ ਕੋਟ-ਈਸੇ-ਖਾ ਅਮਰਜੀਤ ਖੁਖਰਾਣਾ, ਐਮ. ਸੀ. ਮਨਜੀਤ ਸਿੰਘ ਧੰਮੂ ਆਦਿ ਮੁੱਖ ਤੌਰ ਤੇ ਹਾਜਰ ਸਨ।

## ਬਾਬਾ ਪਵਨਦੀਪ ਸਿੰਘ ਦੀ ਸ੍ਰਪਰਸਤੀ ਵਿੱਚ ਵਿਸ਼ਾਖੀ ਦਾ ਦਿਹਾੜਾ ਮਨਾਇਆਂ ਗਿਆ

ਮੋਗਾ / ਭਵਨਦੀਪ ਸਿੰਘ ਪੁਰਬ

ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਛੱਤਰ ਛਾਈਆ ਹੇਠ ਸੰਤ ਬਾਬਾ ਪਵਨਦੀਪ ਸਿੰਘ ਜੀ ਕੜਿਆਲ ਵਾਲਿਆ ਦੀ ਸ੍ਰਪਰਸਤੀ ਵਿੱਚ ਗੁਰਦੁਆਰਾ ਕੇਰ ਵਾਲੀ ਖੂਹੀ ਵਿਖੇ ਸਮੂੰਹ ਸਾਧ ਸੰਗਤ ਵੱਲੋਂ ਵਿਸਾਖੀ ਦਾ ਦਿਹਾੜਾ ਮਨਾਇਆ ਗਿਆਂ।

ਸਾਹਿਬ ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਦੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਧਾਰਮਿਕ ਦੀਵਾਨ ਸਜਿਆਂ ਜਿਸ ਵਿੱਚ ਪੰਥ ਦੀਆਂ ਮਹਾਨ ਸ਼ਖਸੀਅਤਾ ਅਤੇ ਮਹਾਪੁਰਖ ਸੰਗਤਾ ਨੂੰ ਆਪਣੇ ਪ੍ਰਵਚਨਾ ਰਾਹੀ ਗੁਰੂ ਘਰ ਨਾਲ ਜੋੜਿਆ। ਇਸ ਧਾਰਮਿਕ ਦੀਵਾਨ ਮੌਕੇ ਸੰਤ ਬਾਬਾ ਪਵਨਦੀਪ ਸਿੰਘ ਜੀ ਕੜਿਆਲ ਵਾਲਿਆ ਨੇ ਵਿਸਾਖੀ ਦੀ ਸਿੱਖ ਪੰਥ ਵਿੱਚ ਮਹਾਨਤਾ ਬਾਰੇ ਸੰਗਤਾ ਨੂੰ ਜਾਣੂ ਕਰਵਾਇਆਂ । ਇਸ ਮੌਕੇ ਗੁਰੁ ਮਹਾਰਾਜ ਦੀ ਆਰਤੀ ਵਿੱਚ ਸਾਮਲ ਸੰਗਤਾ ਨੂੰ ਗੁਰੁ ਘਰ ਦੀ ਮਹਿਮਾ ਸੁਣ ਕੇ ਅਸ ਅਸ ਕਰ ਉਠੀਆ । ਬਾਬਾ ਜੀ ਤੋਂ ਇਲਾਵਾ ਹੋਰ ਕਈ ਰਾਗੀ ਢਾਡੀ ਅਤੇ ਮਹਾਪੁਰਖਾ ਨੇ ਮੁੱਖ ਤੌਰ ਤੇ ਹਾਜਰ ਹੋ ਕੇ ਸੰਗਤਾ ਨੂੰ ਨਿਹਾਲ ਕੀਤਾ।

ਇਸ ਮੌਕੇ ਹੋਰਨਾ ਤੋਂ ਇਲਾਵਾ ਹੈਪੀ ਬਰਾੜ, ਰਵਿੰਦਰ ਸਿੰਘ, ਸੋਨੂੰ ਕੜਿਆਲ, ਬਲਜਿੰਦਰ ਸਿੰਘ ਬਾਸੀ, ਰਾਜਾ ਮੱਲੀ, ਪ੍ਰਭਜੋਤ ਸਿੰਘ, ਗੁਰਪ੍ਰੀਤ ਸਿੰਘ, ਹਰਮੀਤ ਸਿੰਘ, ਸ਼ੇਰ ਸਿੰਘ, ਸੁਖਦਿਆਲ ਸਿੰਘ, ਨੰਬਰਦਾਰ ਜਸਮੇਲ ਸਿੰਘ, ਮਿਸਤਰੀ ਨਰੈਣ ਸਿੰਘ, ਰਮਨ ਸਿੰਘ, ਗੋਰਾ ਸਿੰਘ ਕੜਿਆਲ, ਗੁਰਜਿੰਦਰ ਸਿੰਘ, ਜੱਜ ਸਿੰਘ, ਤਰਲੋਕ ਸਿੰਘ, ਦਲੀਪ ਸਿੰਘ, ਗੁਰਪ੍ਰੀਤ ਸਿੰਘ, ਮਨਜਿੰਦਰ ਸਿੰਘ ਧਰਮਕੋਟ, ਪ੍ਰਧਾਨ ਸਿੰਘ, ਸੁਖਦਿਆਲ ਸਿੰਘ, ਸੁਖਵਿੰਦਰ ਸਿੰਘ ਆਦਿ ਮੁੱਖ ਤੌਰ ਤੇ ਹਾਜਰ ਸਨ।